ਦੇਣ ਨਵਾਂ ਸੰਦੇਸ਼ ਬਹਾਰ ਆਈ

ਪ੍ਰੀਤਮ ਸਿੰਘ ਕਵੀ

ਦੇਣ ਨਵਾਂ ਸੰਦੇਸ਼ ਬਹਾਰ ਆਈ

ਪ੍ਰੀਤਮ ਸਿੰਘ ਕਵੀ

Sri Satguru Jagjit Singh Ji Elibrary NamdhariElibrary@gmail.com

੧੯

ਦੇਸ਼ ਦਾ ਸੰਦੇਸ਼ ਪ੍ਰਚਾਰ ਆਈ

— ਕ੍ਰਿਸ਼ਨ ਸਿੰਘ ਬਾਜ਼ੀ

1 ਸੁੱਤੇ ਤੌਣੇ ਗੁਲਾਮੀ ਦੇ ਸੰਗਲਾਂ ਤੋਂ (ਜ਼ੰਜੀਰਾਂ), ਜਗਿਆਸੂ ਜੀਵਨ ਵਿਚ ਜਜ਼ਬਾ ਆਈ
ਚਿਰਕੀ ਕੂੰਜ ਜਹੀ ਕਾਂਗੀਆਂ ਦੇ ਘੁਣਾਂ ਅੰਦਰ, ਰੱਬੀ ਜੋਤ ਵਿਚ ਸੰਤਾਂ ਦੇ ਦੁਆਰ ਆਈ
ਫਿਰ ਜਗਦੀ ਕਿਰਤੀਆਂ-ਕਾਮਿਆਂ ਦੀ, ਕਿਸਾਨ ਵਿਹੜੇ ਪਿੰਡੇ ਦੀਦਾਰ ਆਈ
ਜੁਗਾਂ ਜੁਗਾਂ ਤੋਂ ਸੌਂਦੀਆਂ ਜਾਤੀਆਂ ਨੂੰ, ਉੱਚੀ ਸੁਰਤ ਜੀ ਕਰਦੀ ਪਿਆਰ ਆਈ
ਅੱਜ ਛੇੜ ਵਿਚ, ਕੱਲ੍ਹ ਤਰਖਾਣ ਦੇ ਘਰ, ਗੁਰ ਦਰਬਾਰ ਤੋਂ ਸੱਚੀ ਸਰਕਾਰ ਆਈ
ਮੁਲਕ ਜੁੱਟ ਜਹੀ ਚਾਰ ਕੂਟਾਂ ਵਿਚ, ਪੀਲੀ ਸਰੋਂ ਦੀ ਰੂਪ ਸ਼ਿੰਗਾਰ ਆਈ
ਜਗਿਆਸ ਖਾਤਰ ਇਸ ਅਵਤਾਰ ਲੈਕੇ, ਦੇਸ਼ ਦਾਂ ਸੰਦੇਸ਼ ਪ੍ਰਚਾਰ ਆਈ।

2. ਰਿਸ਼ੀ, ਮੁਨੀ, ਤੇ ਤੇਰੀ ਕੁਆਰ ਸ਼ਕਤੀ, ਜਾਣੀ ਦੇਸ਼ ਵਿਚ, ਦੇਸ਼ ਪਿਆਰ, ਆਈ
ਵਿਚਰੀ ਸਿੱਖੀ ਦਸਮੇਸ਼ ਦੇ ਆਪ ਜਾਪੀ, ਅੱਜ ਉਸੇ ਨੂੰ ਘੋੜੇ ਜੀ ਚਾੜ ਆਈ
ਸਤਗੁਰ ਰਣਜੀਤ ਸਿੰਘ ਸ਼ੇਰ ਦੂਜਾ, ਜੋ ਖਾਲਸ ਕੀਆ, ਰਾਜ ਨੂੰ, ਸਾਰ ਆਈ
ਅਖੀਆਂ ਅੱਖਾਂ ਮੀਟੀਆਂ ਸ਼ੇਰ ਰਣਜੀਤ ਸਿੰਘ ਦੇ, ਸਿੱਖਾਂ ਸ਼ਾਹੀ ਦੇ ਤੱਕ ਵਿਚ ਕਾਰ ਆਈ
ਰਾਮ ਸਿੰਘ ਦੇਵੇ ਸੰਤ ਅਵਤਾਰ ਅੰਗ ਅਵਤਾਰ ਦੀ ਜੀ ਤਰ-ਬਾਰ ਆਈ
ਤਾਂ ਫਿਰ ਜਾਗਿਆ ਜਗਿਆਸੂ ਪਰਜਾ ਸੰਤ, ਜਿਸਦਾ ਦੇਸ਼ ਸੰਦੇਸ਼ ਪ੍ਰਚਾਰ ਆਈ।

Sri Satguru Jagjit Singh Ji Elibrary NamdhariElibrary@gmail.com

3. ਫੇਰ ਤੁਰਿਆ ਸਤਗੁਰਾਂ ਦਾ ਕਾਫ਼ਲਾ ਭਾਵੇਂ, ਤੇ ਫਿਰੰਗੀਆਂ ਹੱਥ ਸਰਕਾਰ ਆਈ
ਰਾਮ ਸਿੰਘ ਨੇ ਰਾਮ ਦਾ ਰਾਜ ਕੀਤਾ, ਜੋ ਸਰਕਾਰ ਵਿਚੋਂ ਤੋੜ ਹੀ ਬਾਰ ਆਈ
ਦੇਸੀ ਖਾਓ, ਪਹਿਨੋ, ਦੇਸੀ ਤੋਰ ਚਲ ਕੇ, ਡਾਕ ਅਪਣੀ ਚਲਾਈ ਏ, ਨਾਰ ਆਈ
ਮਾਰ ਛੋੜ ਕੇ ਪੋਕੇ ਗਊਘਾਤੀਆਂ ਨੂੰ, ਉਠੇ ਉਠੇ, ਭਾਰਤ-ਵਿਚਾਰ ਆਈ
ਸੌਂਤ ਜਾਣ ਵਿਚ ਦੇਸ ਤੈਯਾਰ ਕੀਤਾ, ਛੱਡੇ ਕੱਪੜੇ ਬਹਿਰ-ਬਜ਼ਾਰ ਆਈ
ਤੋਤਾ ਕੱਢਿਆ, ਕੂਕਿਆਂ ਕੂਕ ਮਾਰੀ, ਏਹ ਨਵਾਂ ਸੰਦੇਸ਼ ਬਹਾਰ ਆਈ

4. ਗਊ ਵੇਖੀਆਂ ਦੀ ਸ਼ਾਮਤ ਆਣ ਉਠੀ, ਜੁਆਲਾ ਗ਼ਦਰ ਦੀ ਚਲਦਾਰ ਆਈ
ਪੱਕੇ ਪਹਿਰੇ ਅਣੇਰ ਦੇ ਰੋਕਣੇ ਵਿਚ, ਤੇਗਾਂ ਗਜ਼ੀਆਂ ਮੌਤ ਦੀ ਵਾਰ ਆਈ
ਸਿੰਘ ਚੱਲਕੇ ਤੇਰੇ ਸ਼ਹੀਦ ਜਾਵਣ, ਤੇ ਬੁਚੜਖਾਨਿਆਂ ਦੀ ਵਿਚ ਤਾਰ ਆਈ
ਦਾਰ ਚੜਿਆ ਭਾਵੇਂ ਅੰਗਰੇਜ਼ ਉਨ੍ਹਾਂ, ਅਸਲ ਵਿਚ ਪਰ ਉਸ ਨੂੰ ਹਾਰ ਆਈ
ਤੇ ਗਿਆ ਦੇਸ਼ ਵਿਚੋਂ ਸੀ ਸਰਕਾਰਾਂ ਨੂੰ, ਖੇਤ ਰਹੀ ਨ ਜਦੋਂ ਤੁਸਾਰ ਆਈ
ਰਾਮ ਸਿੰਘ ਪਾਰ ਪਾਰ ਪੈਦਾ ਹੋਇਆ ਕੇ, ਏਹ ਨਵਾਂ ਸੰਦੇਸ਼ ਬਹਾਰ ਆਈ।

5. ਸੂਤ੍ਰਾ ਰਾਮ ਦਾ, ਰਾਮ ਦੇ ਭਗਤ ਤੇਰੇ, ਜਿੰਦੀ ਉਸ ਪਏਂ ਛੋਰ ਵਿਗਾਰ ਆਈ
ਗੌਰਾ ਗਿਆ ਜਵਾਨੀ ਦੀ ਰਤ ਮੁੱਕੀ, ਸੂਰਜ ਚੜ੍ਹੇ ਆਜ਼ਾਦੀ ਤੁਫ਼ਾਰ ਆਈ
ਖੁਲ੍ਹ ਗਈ ਵਿਚ ਕੈਦ ਆਜ਼ਾਦੀਆਂ ਦਾ, ਦੀਨ ਦੁਖੀ ਦੀ ਛੋਰ ਨ ਸਾਰ ਆਈ
ਨਕਲੀ ਸਾਧ ਬਣਕੇ, ਆਪਣੀ ਗੱਲ ਛੱਡੀ, ਅੱਜ ਵਿਸ਼ਵਾਸ ਦੀ ਏਸੀ ਪਾਰ ਆਈ
ਬਾਣੀ ਸਦਾ ਤਪਦੀਆਂ ਭੇਜਦੀ ਏ, ਉਠੋ ਭਾਰਤਿ! ਸਮੇਂ ਦੀ ਵਾਰ ਆਈ
ਕਿਵੇਂ ਵਤਨ ਨੂੰ ਫੇਰ ਸੰਭਾਲਿਆ ਜੇ, ਏਹ ਨਵਾਂ ਸੰਦੇਸ਼ ਬਹਾਰ ਆਈ।